ਵਿਦਿਆਰਥੀਓ, ਮਾਪਿਓ ਅਤੇ ਸਟਾਫ ਅਤੇ ਕਮਿਊਨਿਟੀ ਦੇ ਮੈਂਬਰੋ,

ਇਹ ਹਫਤਾ ਸਾਡੇ ਵੱਲੋਂ ਅੱਗੇ ਜਾਣ ਦੀ ਦਿਸ਼ਾ ਨਾਲ ਸੰਬੰਧਤ ਖਬਰਾਂ ਨਾਲ ਭਰਿਆ ਹਫਤਾ ਹੈ। ਬੁੱਧਵਾਰ ਨੂੰ ਸਾਡੀ ਸੂਬਾਈ ਸਿਹਤ ਅਫਸਰ (ਪ੍ਰੋਵਿੰਸ਼ਿਅਲ ਹੈਲਥ ਅਫਸਰ) ਨੇ ਬੰਦਸ਼ਾਂ ਹਟਾਉਣ ਲਈ ਸੂਬੇ ਲਈ ਸੇਧਾਂ ਬਾਰੇ ਅਤੇ ਪ੍ਰੀਮੀਅਰ ਨੇ ਸਾਡੇ ਸੂਬੇ ਨੂੰ ਖੋਲ੍ਹਣ ਬਾਰੇ ਸਰਕਾਰ ਦੀ ਯੋਜਨਾ ਬਾਰੇ ਦੱਸਿਆ। ਇਸ ਯੋਜਨਾ ਵਿੱਚ ਆਹਮੋ ਸਾਹਮਣੇ ਬੈਠ ਕੇ ਪੜ੍ਹਾਈ (ਫੇਸ ਟੂ ਫੇਸ ਇਨਸਟ੍ਰਕਸ਼ਨ) ਵੱਲ ਵਾਪਸ ਆਉਣਾ ਵੀ ਸ਼ਾਮਲ ਹੈ। ਸੋ ਅਸਲ ਵਿੱਚ ਕੀ ਕਿਹਾ ਗਿਆ ਸੀ ਅਤੇ ਇਸ ਦਾ ਸਾਡੇ ਸਾਰਿਆਂ ਲਈ ਕੀ ਮਤਲਬ ਹੈ? ਅੱਗੇ ਜਾਣ ਦੀ ਦਿਸ਼ਾ ਬਾਰੇ ਸਪਸ਼ਟ ਕਰਨ ਲਈ ਮੈਂ ਇਸ ਸੁਨੇਹੇ ਬਾਰੇ ਗੱਲ ਕਰਨਾ ਚਾਹਾਂਗਾ।

ਇਸ ਹਫਤੇ ਕੀ ਕਿਹਾ ਗਿਆ ਸੀ, ਆਓ ਇਸ ਨਾਲ ਗੱਲ ਸ਼ੁਰੂ ਕਰੀਏ। ਮੁੱਖ ਤੌਰ 'ਤੇ ਡਾ: ਬੌਨੀ ਹੈਨਰੀ ਨੇ ਕਿਹਾ ਕਿ ਜਿਸਮਾਨੀ ਦੂਰੀ, ਸੀਮਤ ਸਮਾਜਕ ਮੇਲ ਜੋਲ ਅਤੇ ਛੋਟੇ ਇਕੱਠਾਂ ਵਿੱਚ ਇਕੱਤਰ ਹੋਣ ਦੇ ਸਾਡੇ ਨਵੇਂ ਅਮਲ ਜਾਰੀ ਰਹਿਣਗੇ। ਇਹ ਸਾਡੇ ਸਕੂਲਾਂ 'ਤੇ ਅਸਰ ਪਾਏਗਾ। ਉਨ੍ਹਾਂ ਨਿਯਮਾਂ ਦੀ ਪਾਲਣਾ ਕਰਦਿਆਂ ਅਤੇ ਕੋਵਿਡ 19 ਨੂੰ ਠੱਲ੍ਹ ਪਾਉਣ ਦੀ ਕਾਮਯਾਬੀ ਦਾ ਜਸ਼ਨ ਮਨਾਉਂਦਿਆਂ ਪ੍ਰੀਮੀਅਰ ਨੇ ਕਿਹਾ ਕਿ ਵਿਕਟੋਰੀਆ ਡੇਅ ਦੇ ਲੌਂਗ ਵੀਕ-ਇੰਡ ਤੋਂ ਬਾਅਦ ਬੰਦਸ਼ਾਂ ਹਟਾਈਆਂ ਜਾਣਗੀਆਂ। ਅਸੀਂ ਵਾਲ ਕਟਾ ਸਕਾਂਗੇ, ਬੀ ਸੀ ਦੇ ਪਾਰਕਾਂ ਵਿੱਚ ਜਾ ਸਕਾਂਗੇ, ਟੈਨਿਸ ਖੇਡ ਸਕਾਂਗੇ, ਰੈਸਟੋਰੈਂਟਾਂ ਵਿੱਚ ਜਾ ਸਕਾਂਗੇ ਅਤੇ ਮਿਊਜ਼ਿਅਮਾਂ ਵਿੱਚ ਜਾ ਸਕਾਂਗੇ। ਪ੍ਰੀਮੀਅਰ ਨੇ ਕਿਹਾ ਕਿ "ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਅਸੀਂ ਜੂਨ ਦੇ ਸ਼ੁਰੂ ਤੋਂ ਲੈ ਕੇ ਜੂਨ ਦੇ ਅੰਤ ਤੱਕ ਰਿਹਰਸਲ ਕਰ ਸਕੀਏ। ਅਸੀਂ ਲੌਂਗ ਵੀਕ-ਇੰਡ ਤੋਂ ਬਾਅਦ ਤੱਕ ਕਲਾਸਾਂ ਵਿੱਚ ਪੜ੍ਹਾਈ ਵਿੱਚ ਜ਼ਿਆਦਾ ਵਾਧੇ ਦੀ ਆਸ ਨਹੀਂ ਕਰ ਰਹੇ।" ਇਸ ਲਈ ਮੈਂ 19 ਮਈ ਤੋਂ 1 ਜੂਨ ਦੇ ਸਮੇਂ ਦੌਰਾਨ ਪੜ੍ਹਾਈ ਦੇ ਸਾਡੇ ਮੌਜੂਦਾ ਢੰਗ ਵਿੱਚ ਮਹੱਤਵਪੂਰਨ ਤਬਦੀਲੀ ਦੀ ਉਮੀਦ ਕਰਦਾ ਹਾਂ।

ਸੂਬੇ ਵੱਲੋਂ ਐਲਾਨੇ ਜਾ ਰਹੇ ਮਾਡਲ ਵਿੱਚ ਇਹ ਕੁੱਝ ਸ਼ਾਮਲ ਹੈ:

- ਕੇ-5 ਗ੍ਰੇਡ ਤੱਕ ਦੇ ਬੱਚਿਆਂ ਲਈ ਆਹਮੋ ਸਾਹਮਣੇ ਬੈਠ ਕੇ ਪੜ੍ਹਾਈ ਦੀ ਪਾਰਟ-ਟਾਇਮ ਵਾਪਸੀ;
- 6-12 ਗ੍ਰੇਡ ਤੱਕ ਦੇ ਵਿਦਿਆਰਥੀਆਂ ਲਈ ਆਹਮੋ ਸਾਹਮਣੇ ਬੈਠ ਕੇ ਪੜ੍ਹਾਈ ਦੀ ਪਾਰਟ-ਟਾਇਮ ਵਾਪਸੀ; ਅਤੇ
- ਸਕੂਲ ਤੋਂ ਦੂਰੋਂ ਅਤੇ ਆਨਲਾਈਨ ਲਰਨਿੰਗ ਦਾ ਜਾਰੀ ਰਹਿਣਾ।

ਸਾਡੇ ਵੱਲੋਂ ਸੁਣੀਆਂ ਜਾ ਰਹੀਆਂ ਸੇਧਾਂ ਅਨੁਸਾਰ ਕੇ-5 ਗ੍ਰੇਡ ਤੱਕ ਦੇ ਵਿਦਿਆਰਥੀਆਂ ਦੀ ਇਕ ਦਿਨ ਛੱਡ ਕੇ ਪੜ੍ਹਾਈ ਅਤੇ 6-12 ਗ੍ਰੇਡ ਦੇ ਵਿਦਿਆਰਥੀਆਂ ਲਈ ਹਫਤੇ ਵਿੱਚ ਇਕ ਦਿਨ ਦੀ ਪੜ੍ਹਾਈ ਦਾ ਸੰਤੁਲਨ ਬਣੇਗਾ। ਇਸ ਸਮੇਂ ਸਕੂਲ ਜ਼ਿਲ੍ਹੇ ਇਨ੍ਹਾਂ ਸੇਧਾਂ ਦੀਆਂ ਹੱਦਾਂ ਦੀ ਪੂਰਤੀ ਕਰਨ ਵਾਲੇ ਮਾਡਲ ਤਿਆਰ ਕਰਨ ਵਿੱਚ ਰੁੱਝੇ ਹੋਏ ਹਨ।

ਸੂਬਾਈ ਸੇਧਾਂ ਵਿੱਚ ਇਹ ਅਸੂਲ ਸ਼ਾਮਲ ਹੈ ਕਿ ਮਾਪਿਆਂ ਕੋਲ ਆਪਣੇ ਬੱਚਿਆਂ ਦੀ ਘਰ ਵਿੱਚ ਪੜ੍ਹਾਈ ਜਾਰੀ ਰੱਖਣ ਜਾਂ ਆਨਲਾਈਨ/ਦੂਰੋਂ ਸਿੱਖਣ ਦੇ ਨਾਲ ਨਾਲ ਕੁੱਝ ਆਹਮੋ ਸਾਹਮਣੇ ਬੈਠ ਕੇ ਸਿੱਖਣ ਨੂੰ ਸ਼ਾਮਲ ਕਰਨ ਦੀ ਚੋਣ ਹੋਵੇਗੀ। ਕੁੱਝ ਵੀ ਹੋਵੇ, ਸਾਡੇ ਮਿਸ਼ਰਤ (ਹਾਈਬ੍ਰਿਡ) ਮਾਡਲਾਂ ਵਿੱਚ ਸਾਰੇ ਵਿਦਿਆਰਥੀਆਂ ਲਈ ਆਹਮੋ ਸਾਹਮਣੇ ਬੈਠ ਕੇ ਸਿੱਖਣਾ ਅਤੇ ਆਨਲਾਈਨ ਜਾਂ ਦੂਰੋਂ ਸਿੱਖਣਾ ਸ਼ਾਮਲ ਹੈ।

ਅਸੀਂ ਕੁੱਝ ਹਫਤੇ ਪਹਿਲਾਂ ਕਿਹਾ ਸੀ ਕਿ ਜੋ ਕੁੱਝ ਵੀ ਹੋਵੇ, ਉਹ ਸਾਨੂੰ ਯੋਜਨਾ ਬਣਾਉਣ ਲਈ ਸਮਾਂ ਦੇਵੇਗਾ ਅਤੇ ਉਹ ਯੋਜਨਾ ਸਾਡੇ ਸਟਾਫ ਅਤੇ ਕਮਿਊਨਿਟੀ ਦੀ ਸਿਹਤ ਅਤੇ ਸੁਰੱਖਿਆ ਨਾਲ ਸ਼ੁਰੂ ਹੋਵੇਗੀ। ਸਾਡੀ ਹੌਲੀ ਹੌਲੀ ਅਤੇ ਟਿੱਕ ਕੇ ਕਦਮ ਚੁੱਕਣ, ਖਿਆਲ ਰੱਖਣ ਅਤੇ ਜੁੜੇ ਰਹਿਣ ਦੀ ਸਮੁੱਚੀ ਪਹੁੰਚ ਵਿੱਚ ਕੁੱਝ ਵੀ ਨਹੀਂ ਬਦਲਿਆ। ਹੁਣ ਨਵੀਂ ਜਾਣਕਾਰੀ ਸਾਨੂੰ ਗੰਭੀਰਤਾ ਨਾਲ ਯੋਜਨਾ ਬਣਾਉਣ ਮਦਦ ਕਰ ਰਹੀ ਹੈ। ਹੁਣ ਸਾਨੂੰ ਆਪਣੀ ਸੋਚ ਸੰਭਵ ਮਾਡਲਾਂ ਨੂੰ ਤਿਆਰ ਕਰਨ ਵੱਲ ਲਾਉਣ ਦੀ ਲੋੜ ਹੈ। ਸਾਨੂੰ ਅਜੇ ਵੀ ਸਿਹਤ ਅਤੇ ਸੁਰੱਖਿਆ ਦੇ ਨਵੇਂ ਨਿਯਮਾਂ ਅਤੇ ਮਨਿਸਟਰੀ ਵੱਲੋਂ ਹੋਰ ਜਾਣਕਾਰੀ ਦੀ ਉਡੀਕ ਕਰਨੀ ਪਵੇਗੀ, ਅਸੀਂ ਸੁਣਿਆ ਹੈ ਕਿ ਇਹ ਅਗਲੇ ਹਫਤੇ ਆਵੇਗੀ, ਅਤੇ ਫਿਰ ਸਾਨੂੰ ਆਪਣੇ ਮਾਡਲ ਇਸ ਨਵੀਂ ਜਾਣਕਾਰੀ ਅਨੁਸਾਰ ਢਾਲਣ ਦੀ ਲੋੜ ਹੋਵੇਗੀ।

ਅਸੀਂ ਕਿੱਥੋਂ ਸ਼ੁਰੂ ਕਰਾਂਗੇ? ਅਸੀਂ ਆਪਣੇ ਲੋਕਾਂ ਅਤੇ ਉਨ੍ਹਾਂ ਦੀ ਸਿਹਤ ਅਤੇ ਸੁਰੱਖਿਆ ਦੁਆਲੇ ਆਪਣਾ ਪ੍ਰਬੰਧ ਤਿਆਰ ਕਰਨ ਨਾਲ ਸ਼ੁਰੂ ਕਰਾਂਗੇ ਅਤੇ ਫਿਰ ਉਸ ਮਾਡਲ ਵੱਲ ਵਧਾਂਗੇ ਜਿਹੜਾ ਆਹਮੋ ਸਾਹਮਣੇ ਬੈਠ ਕੇ ਸਿੱਖਣ ਅਤੇ ਆਨਲਾਈਨ/ਦੂਰੋਂ ਸਿੱਖਣ ਵਿਚਕਾਰ ਕਦਮ-ਦਰ-ਕਦਮ ਵਾਪਸੀ ਦੇ ਢੰਗ ਨਾਲ ਸੰਤੁਲਨ ਕਾਇਮ ਕਰਦਾ ਹੋਵੇ। ਉਮੀਦ ਹੈ ਕਿ ਇਹ ਨਵੇਂ ਕਦਮ ਸਤੰਬਰ ਲਈ ਅਤੇ ਜੇ ਵਾਇਰਸ ਕੰਟਰੋਲ ਵਿੱਚ ਰਹਿੰਦਾ ਹੈ ਤਾਂ ਸਾਡੇ ਮਾਡਲ ਨੂੰ ਉਸ ਤੋਂ ਵੀ ਅਗਾਂਹ ਵਧਾਉਣ ਲਈ ਰਸਤਾ ਤਿਆਰ ਕਰਨਗੇ।

ਬਹੁਤ ਸਾਰਾ ਕੰਮ ਕਰਨ ਵਾਲਾ ਹੈ ਪਰ ਸਾਡੇ ਪ੍ਰਬੰਧਕਾਂ, ਟੀਚਰਾਂ ਅਤੇ ਸਹਾਇਕ ਸਟਾਫ ਦੇ ਮੈਂਬਰਾਂ ਨੇ 30 ਮਾਰਚ ਤੋਂ ਬਾਅਦ ਪ੍ਰਬੰਧ ਨੂੰ ਦੁਬਾਰਾ ਉਸਾਰਨ ਵਿੱਚ ਬਹੁਤ ਹੀ ਮਾਹਰਕੇ ਦਾ ਕੰਮ ਕੀਤਾ ਹੈ, ਅਤੇ ਸਾਨੂੰ ਹੁਣ ਉਸ ਮੁਹਾਰਤ ਨੂੰ ਆਪਣੇ ਵਿਦਿਆਰਥੀਆਂ ਨਾਲ ਦੁਬਾਰਾ ਵੱਡੀ ਗਿਣਤੀ ਵਿੱਚ ਸਕੂਲ ਵਿੱਚ ਮਿਲਣਾ ਸ਼ੁਰੂ ਕਰਨ ਦੇ ਨਵੇਂ ਕੰਮ ਵਿੱਚ ਲਾਉਣਾ ਪਵੇਗਾ।

ਸਾਡੇ ਫੌਰਨ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਇਸ ਵੀਕ-ਇੰਡ ਦਾ ਮੌਸਮ ਬਹੁਤ ਸ਼ਾਨਦਾਰ ਨਜ਼ਰ ਆ ਰਿਹਾ ਹੈ, ਅਤੇ ਇਹ ਇਸ ਗੱਲ ਦਾ ਸੰਕੇਤ ਹੈ ਕਿ ਗਰਮੀਆਂ ਦੂਰ ਨਹੀਂ ਹਨ। ਅਸੀਂ ਮਈ ਦੇ ਲੌਂਗ ਵੀਕ-ਇੰਡ ਬਾਅਦ ਬੰਦਸ਼ਾਂ ਨੂੰ ਸੀਮਤ ਕਰਨ ਦੀ ਚਾਅ ਨਾਲ ਉਡੀਕ ਕਰ ਰਹੇ ਹਾਂ ਅਤੇ ਮੈਂ ਆਸ ਕਰਦਾ ਹਾਂ ਕਿ ਤੁਹਾਨੂੰ ਸਾਰਿਆਂ ਨੂੰ ਇਸ ਵੀਕ-ਇੰਡ 'ਤੇ ਧੁੱਪ ਦਾ ਆਨੰਦ ਮਾਣਨ ਅਤੇ ਇਸ ਐਤਵਾਰ ਨੂੰ ਮਦਰਜ਼ ਡੇਅ ਮਨਾਉਣ ਦਾ ਮੌਕਾ ਮਿਲੇਗਾ।